# ਪੰਜਾਬ ਸਕੂਲ ਸਿੱਖਿਆ ਬੋਰਡ

## ਸੈਸ਼ਨ 2020-21 ਲਈ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਵਿੱਚ

## ਸਪਲੀਮੈਂਟਰੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਕਰਨ ਲਈ ਸ਼ਡਿਊਲ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਅਕ ਸੈਸ਼ਨ 2020-21 ਵਾਸਤੇ ਨੌਵੀਂ ਅਤੇ ਗਿਆਰਵੀਂ ਸ਼੍ਰੇਣੀਆਂ ਲਈ 26-08-2020 ਤੋਂ ਆਨ-ਲਾਈਨ ਐਂਟਰੀ ਕਰਨ ਲਈ ਪੋਰਟਲ ਖੋਲ੍ਹਿਆ ਗਿਆ ਸੀ, ਜਿਸਦੀ ਲਗਾਤਾਰਤਾ ਵਿੱਚ ਮਿਤੀ 26-08-2020 ਤੋਂ ਲੈ ਕੇ 15-03-2021 ਤੱਕ ਵੱਖ-ਵੱਖ ਮਿਤੀਆਂ ਰਾਹੀਂ 4 ਵਾਰ ਸ਼ਡਿਊਲ ਵਿੱਚ ਵਾਧਾ ਕੀਤੇ ਜਾਣ ਦੇ ਬਾਵਜੂਦ ਵੀ ਕਈ ਸਕੂਲਾਂ ਵੱਲੋਂ ਪ੍ਰੀਖਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਸ਼ਨ ਨਹੀ ਕੀਤੀ ਗਈ।

ਇਸ ਲਈ ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਵਿੱਚ ਜਿੰਨਾਂ ਪ੍ਰੀਖਿਆਰਥੀਆਂ ਦਾ ਸਕੂਲ ਵਿੱਚ ਦਾਖਲਾ ਤਾਂ ਸਮੇਂ-ਸਿਰ ਹੋਇਆ ਹੈ, ਪ੍ਰੰਤੂ ਆਨ-ਲਾਈਨ ਰਜਿਸਟਰੇਸ਼ਨ/ ਕੰਟੀਨਿਊਸ਼ਨ ਕਰਨ ਤੋਂ ਰਹਿ ਗਏ ਹਨ, ਅਜਿਹੇ ਵਿਦਿਆਰਥੀਆਂ ਲਈ ਸਬੰਧਤ ਸਕੂਲਾਂ ਨੂੰ ਇੱਕ ਆਖਰੀ ਮੌਕਾ ਦਿੰਦੇ ਹੋਏ ਹੇਠ ਦਰਸਾਏ ਸ਼ਡਿਊਲ ਅਨੁਸਾਰ ਰਜਿਸਟਰੇਸ਼ਨ/ਕੰਟੀਨਿਊਏਸ਼ਨ ਕਰਨ ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਹੋਰ ਕੋਈ ਮੌਕਾ ਨਹੀ ਦਿੱਤਾ ਜਾਵੇਗਾ।

ਵਿਦਿਆਰਥੀਆਂ ਦੀ ਆਨ-ਲਾਈਨ ਐਂਟਰੀ ਸਕੂਲ ਪੱਧਰ ਤੇ ਕਰਕੇ ਸਕੂਲ ਦਾ ਲੈਟਰ ਹੈੱਡ, ਦਾਖਲਾ ਖਾਰਜ ਰਜਿਸਟਰ, ਹਾਜਰੀ ਰਜਿਸਟਰ ਅਸਲ ਅਤੇ ਤਸਦੀਕਸ਼ੁਦਾ ਕਾਪੀ, ਹੇਠਲੀ ਸ਼੍ਰੇਣੀ ਪਾਸ ਦਾ ਸਬੂਤ ਅਤੇ ਆਨ-ਲਾਈਨ ਐਂਟਰੀ ਦੀ rough report ਦੀ ਕਾਪੀ ਆਦਿ ਦਸਤਾਵੇਜ਼ ਮੁੱਖ ਦਫਤਰ ਵਿਖੇ ਚੈੱਕ ਕਰਨ ਉਪਰੰਤ ਰਜਿਸਟਰੇਸ਼ਨ/ ਕੰਟੀਨਿਊਸ਼ਨ ਦਾ ਚਲਾਨ ਜਨਰੇਟ ਕਰਕੇ ਮੁੱਖ ਦਫਤਰ ਵਿਖੇ ਫੀਸ ਜਮ੍ਹਾਂ ਕਰਵਾਈ ਜਾਵੇਗੀ।

### ਸਪਲੀਮੈਂਟਰੀ ਸ਼ਡਿਊਲ (ਨੌਵੀਂ / ਗਿਆਰਵੀਂ ਸ਼੍ਰੇਣੀ)

| ਫੀਸ ਦਾ ਵੇਰਵਾ | ਆਨ-ਲਾਈਨ ਐਂਟਰੀ ਅਤੇ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|
| ਫਾਰਮ ਅਨੁਸਾਰ ਬਣਦੀ ਫੀਸ ਅਤੇ 4100/- ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਸਕੂਲ ਨੂੰ | 30-04-2021(ਸ਼ੁੱਕਰਵਾਰ) ਤੱਕ |

**ਨੋਟ** :- ਅੱਠ ਮਹੀਨੇ ਦੇ ਸਮਾਂ ਦੇਣ ਦੇ ਬਾਵਜੂਦ ਵੀ ਜਿੰਨ੍ਹਾਂ ਸਕੂਲਾਂ ਵੱਲੋਂ ਹੁਣ ਵੀ ਰਜਿਸਟਰੇਸ਼ਨ/ ਕੰਟੀਨਿਊਸ਼ਨ ਨਹੀ ਕੀਤੀ ਜਾਂਦੀ, ਤਾਂ ਉਹਨਾਂ ਸਕੂਲਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸਕੂਲ ਸਿੱਖਿਆ ਵਿਭਾਗ ਵੱਲੋਂ ਕੀਤੀ ਜਾਵੇਗੀ।

5.4.2021

ਕੰਟਰੋਲਰ (ਪ੍ਰੀਖਿਆਵਾਂ)